# ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ ਵਿਭਾਗ,ਪੰਜਾਬ
## ਸਰਵ ਸਿੱਖਿਆ ਅਭਿਆਨ ਅਥਾਰਟੀ (ਪੰਜਾਬ)

**ਐਸ.ਸੀ.ਓ.ਨੰ:104-106, ਦੂਜੀ ਅਤੇ ਤੀਜੀ ਮੰਜ਼ਿਲ ਸੈਕਟਰ 34-ਏ ਚੰਡੀਗੜ੍ਹ।**

---

ਵੱਲ ,

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ),
ਸਮੂਹ ਜਿਲ੍ਹਾ ਸਾਇੰਸ ਸੁਪਰਵਾਈਜਰ,
ਸਮੂਹ ਜਿਲ੍ਹਾ ਰਿਸੋਰਸ ਪਰਸਨ (ਮੈਥ),
ਸਮੂਹ ਸਕੂਲ ਮੁੱਖੀ (ਵੈਬ ਸਾਇਟ ਰਾਹੀਂ),
ਪੰਜਾਬ ।

ਮੀਮੋ ਨੰ: ਸਸਅ/ਐਮ.ਸੀ/2012/ 82901-904
ਮਿਤੀ,ਚੰਡੀਗੜ੍ਹ 30-07-2012

**ਵਿਸ਼ਾ:- ਅੱਪਰ ਪ੍ਰਾਇਮਰੀ ਸਕੂਲਾਂ ਵਿੱਚ ਪਹਾੜਿਆਂ ਨੂੰ ਯਾਦ ਕਰਵਾਉਣ ਸਬੰਧੀ।**

**1.0** ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ।

**2.0** ਸਮੇਂ ਸਮੇਂ ਤੇ ਇਸ ਦਫ਼ਤਰ ਵੱਲੋਂ ਨਿਰੀਖਣ ਦੌਰਾਨ ਪਾਇਆ ਗਿਆ ਹੈ ਕਿ ਅੱਪਰ ਪ੍ਰਾਇਮਰੀ ਸਕੂਲਾਂ ਵਿੱਚ ਵਿਸ਼ੇਸ਼ ਕਰਕੇ ਛੇਵੀਂ ਤੋਂ ਅਠਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਪਹਾੜੇ ਘੱਟ ਆਉਂਦੇ ਹਨ, ਜਿਸ ਕਾਰਨ ਉਹ ਮੈਥ ਵਿਸ਼ੇ ਵਿੱਚ ਕਮਜ਼ੋਰ ਹੋ ਜਾਂਦੇ ਹਨ ਅਤੇ ਮੈਥ ਵਿਸ਼ੇ ਵਿੱਚ ਵਿਦਿਆਰਥੀਆਂ ਦਾ ਰੁਝਾਨ ਘੱਟ ਹੋ ਜਾਂਦਾ ਹੈ। ਇਸ ਲਈ ਛੇਵੀਂ ਜਮਾਤ ਤੋਂ ਅਠਵੀਂ ਜਮਾਤ ਤੱਕ ਦੇ ਵਿਦਿਆਰਥੀਆਂ ਨੂੰ ਛੇਵੀਂ ਜਮਾਤ ਨੂੰ 20 ਤੱਕ ਦੂਹਰੇ ਪਹਾੜੇ, ਸੱਤਵੀਂ ਜਮਾਤ ਨੂੰ 25 ਤੱਕ ਦੂਹਰੇ ਪਹਾੜੇ ਅਤੇ ਅਠੱਵੀਂ ਜਮਾਤ ਨੂੰ 30 ਤੱਕ ਦੇ ਦੂਹਰੇ ਪਹਾੜੇ ਜ਼ਰੂਰ ਆਉਣੇ ਚਾਹੀਦੇ ਹਨ। ਇਸ ਤੋਂ ਇਲਾਵਾ ਸਤੱਵੀਂ ਜਮਾਤ ਨੂੰ 20 ਤੱਕ ਪਹਿਲੀਆਂ ਪ੍ਰਾਕਿਤਿਕ ਸੰਖਿਆਵਾਂ ਦੇ ਵਰਗ ਅਤੇ ਅਠੱਵੀਂ ਜਮਾਤ ਨੂੰ 20 ਤੱਕ ਸੰਖਿਆਵਾਂ ਦੇ ਵਰਗ ਤੋਂ ਇਲਾਵਾ ਘਣ ਜੁਬਾਨੀ ਜ਼ਰੂਰ ਆਉਣਾ ਦਾ ਅਭਿਆਸ ਕਰਵਾਇਆ ਜਾਵੇ।ਵਿਦਿਆਰਥੀਆਂ ਨੂੰ ਇਸ ਸਬੰਧੀ ਜਾਣਕਾਰੀ ਗਣਿਤਿਕ ਪ੍ਰਕ੍ਰਿਆ ਨੂੰ ਕਰਨ ਲਈ ਉਤਪ੍ਰੇਰਕ (Catalyst) ਦਾ ਕੰਮ ਕਰਦੀ ਹੈ। ਜਿਸ ਨਾਲ ਵਿਦਿਆਰਥੀ ਦਾ ਮਨੋਬਲ ਉੱਚਾ ਹੁੰਦਾ ਹੈ ਅਤੇ ਗਣਿਤ ਵਿਸ਼ੇ ਪ੍ਰਤੀ ਅਣਡਿੱਠਾ ਸਹਿਮ ਦੂਰ ਹੁੰਦਾ ਹੈ।

**3.0** ਇਸ ਨੂੰ ਮੁੱਖ ਰੱਖਦਿਆਂ ਸਾਰੇ ਸਕੂਲ ਮੁੱਖੀਆਂ ਅਤੇ ਮੈਥ ਅਧਿਆਪਕਾਂ ਨੂੰ ਵਿਸ਼ੇਸ਼ ਹਦਾਇਤ ਕੀਤੀ ਜਾਵੇ ਕਿ ਉਹ ਸਵੇਰ ਦੀ ਸਭਾ ਵਿੱਚ ਇੱਕ ਦਿਨ ਛੱਡ ਕੇ ਵਾਰੀ ਵਾਰੀ ਜਮਾਤ ਵਾਈਜ਼ 5-10 ਮਿੰਟ ਰੋਜ਼ ਦਾ ਇੱਕ ਜਾਂ ਦੋ ਪਹਾੜੇ ਲਾਜ਼ਮੀ ਤੌਰ ਤੇ ਬੁਲਵਾਏ ਜਾਣ।

4.0 ਅਧਿਆਪਕ ਇਸ ਗੱਲ ਦਾ ਖਾਸ ਧਿਆਨ ਰੱਖਣ ਕਿ ਰੋਜ਼ਾਨਾ ਜਾਂ ਇੱਕ ਦਿਨ ਪਹਾੜੇ ਬੁਲਵਾਉਣ ਲਈ, ਹਰ ਵਾਰ ਨਿਸ਼ਚਿਤ ਵਿਦਿਆਰਥੀਆਂ ਨੂੰ ਹੀ ਨਾ ਮੌਕਾ ਦਿੱਤਾ ਜਾਵੇ, ਬਲਿਕ ਵਾਰੀ-ਵਾਰੀ 2-2 ਜਾਂ 3-3 ਗਰੁੱਪਾਂ ਵਿੱਚ ਵਿਦਿਆਰਥੀਆਂ ਨੂੰ ਵੰਡ ਕੇ ਪਹਾੜੇ ਬੁਲਵਾਏ ਜਾਣ।

5.0 ਹਫਤੇ ਵਿੱਚ ਇੱਕ ਵਾਰ, ਅਧਿਆਪਕ ਆਪਣੇ ਸਮੇਂ ਦੀ ਸਹੂਲਤ ਅਨੁਸਾਰ ਵਿਦਿਆਰਥੀ ਦਾ ਪਾਠਕ੍ਰਮ ਕਰਵਾਉਂਦੇ ਸਮੇਂ ਟੋਕਵੇਂ ਪਹਾੜਿਆਂ ਦਾ ਮੌਖਿਕ ਮੁਲਾਂਕਣ ਵੀ ਕਰੇ ਜਾਂ ਜਿਵੇਂ ਗੁਣਨਖੰਡ ਬਣਾਵਾਉਣ ਲਗਿਆ, ਵਰਗਮੂਲ ਕੱਢਣ ਵੇਲੇ, ਭਾਗ/ਗੁਣਾ ਕਰਣ ਵੇਲੇ ਲਿਖਤੀ ਮੁਲਾਂਕਣ ਵੀ ਕਰੇ ਅਤੇ ਉਸਦੇ Formative Asessment ਵਿੱਚ ਉਸਨੂੰ ਸਿੱਧੇ ਜਾਂ ਅਸਿੱਧੇ ਤੌਰ ਤੇ ਵੇਟੇਜ ਵੀ ਦੇਵੇ, ਤਾਂ ਜੋ ਵਿਦਿਆਰਥੀਆਂ ਦਾ ਪਹਾੜਿਆਂ ਨੂੰ ਯਾਦ ਰੱਖਣ ਦਾ ਰੁਝਾਨ ਵੱਧੇ।

6.0 ਵਿਸ਼ਾ ਅਧਿਆਪਕ ਲਈ ਇਹ ਸਭ ਤੋਂ ਜਰੂਰੀ ਹੈ ਕਿ ਜਿਹੜੇ ਵਿਦਿਆਰਥੀ ਪਹਾੜਿਆਂ ਪ੍ਰਤੀ ਕਮਜ਼ੋਰ ਹਨ ਜਾਂ ਝਿਜਕਦੇ ਹਨ। ਉਹਨਾਂ ਨੂੰ ਛੋਟੇ-ਛੋਟੇ ਗਰੁੱਪਾਂ ਵਿੱਚ (Pear learning), ਹਫ਼ਤੇ ਵਿੱਚ ਦੋ ਵਾਰ ਜਾਂ ਇੱਕ ਵਾਰ ਵਿਸ਼ੇਸ਼ ਧਿਆਨ ਦੇ ਕੇ, ਪਹਾੜੇ ਬੋਲਣ ਜਾਂ ਲਿੱਖਣ ਲਈ ਪ੍ਰੇਰਿਆ ਜਾਵੇ ਅਤੇ ਯਾਦ ਕਰਵਾਏ ਜਾਣ।

7.0 ਇਸ ਸਬੰਧੀ ਰੌਚਕਤਾ ਲਿਆਉਣ ਲਈ ਜਮਾਤਾਂ ਵਿੱਚ ਚਾਰਟ ਅਤੇ ਸਕੂਲ ਤੇ ਕੰਧਾਂ ਤੇ ਢੁੱਕਵੀਂ ਜਗ੍ਹਾਂ ਤੇ ਪਹਾੜੇ, ਪਹਾੜਿਆਂ ਨੂੰ ਵਰਤਦੇ ਹੋਏ, ਗਣਿਤਿਕ ਨਮੂਨੇ, ਪੈਟਰਨ ਪ੍ਰਦਰਸ਼ਿਤ ਕੀਤੇ ਜਾਣ ਜਿਸ ਨਾਲ ਵਿਦਿਆਰਥੀ ਅੰਕਾਂ ਪ੍ਰਤੀ ਰੁੱਚੀ ਵਧਾ ਸਕਣ।

ਸਹੀ/-
ਡਾਇਰੈਕਟਰ ਜਨਰਲ ਸਕੂਲ ਸਿੱਖਿਆ
ਪੰਜਾਬ, ਚੰਡੀਗੜ੍ਹ